# ਮੇਰਾ ਰਿਹਾਇਸ਼ੀ ਪ੍ਰਾਪਰਟੀ ਟੈਕਸ ਡਾਲਰ ਕਿਥੇ ਜਾਂਦਾ ਹੈ?




ਤੁਹਾਡੇ ਸਿਟੀ ਟੈਕਸ ਡਾਲਰ ਉਨ੍ਹਾਂ ਸੇਵਾਵਾਂ ਨੂੰ ਫੰਡ ਕਰਦੇ ਹਨ ਜਿੰਨ੍ਹਾਂ ਦੀ ਕੈਲਗਰੀ ਨਿਵਾਸੀ ਕਦਰ ਅਤੇ ਰੋਜ਼ ਵਰਤੋਂ ਕਰਦੇ ਹਨ। ਸਿਟੀ ਟੈਕਸ ਦੁਆਰਾ ਸਮਰਥਿਤ ਸੇਵਾਵਾਂ ਦਾ ਖਰਚਾ ਆਮ ਕੈਲਗਰੀ ਘਰ ਲਈ* **$5.88 ਪ੍ਰਤੀ ਦਿਨ** ਹੁੰਦਾ ਹੈ

- **$2.22 ਜਨਤਕ ਸੁਰੱਖਿਆ ਤੇ** (ਉਦਾਹਰਣ ਲਈ ਪੁਲਿਸ ਅਤੇ ਫਾਇਰ)
- **$1.53 ਟ੍ਰਾਂਪੋਰਟੇਸ਼ਨ ਤੇ** (ਉਦਾਹਰਣ ਲਈ ਟ੍ਰਾਂਜ਼ਿਟ ਅਤੇ ਸੜਕਾਂ)
- **$0.87 ਏਨੇਬਲਿੰਗ (Enabling) ਸੇਵਾਵਾਂ ਤੇ** (ਉਦਾਹਰਣ ਲਈ ਫੈਸਿਲਟੀਆਂ, ਆਈਟੀ, ਹਿਊਮਨ ਰਿਸੋਰਸਿਜ਼)
- **$0.62 ਪਾਰਕਾਂ, ਮਨੋਰੰਜਨ ਅਤੇ ਸਭਿਆਚਾਰ ਤੇ**
- **$0.19 ਸਮਾਜਕ ਪ੍ਰੋਗਰਾਮਾਂ ਅਤੇ ਸੇਵਾਵਾਂ ਤੇ**
- **$0.14 ਨਿਰਮਾਣ, ਯੋਜਨਾਬੰਦੀ ਅਤੇ ਕਾਰੋਬਾਰ ਤੇ**
- **$0.12 ਵਾਤਾਵਰਨ ਤੇ**
- **$0.09 ਇਨਫਰਮੇਸ਼ਨ ਅਤੇ ਸੰਚਾਰ ਤੇ**
- **$0.09 ਟੈਕਸ ਅਤੇ ਪ੍ਰਾਪਰਟੀ ਅਸੈਸਮੈਂਟ ਤੇ**
- **$0.01 ਐਨੀਮਲ ਸੇਵਾਵਾਂ ਤੇ**

*2021 ਵਿੱਚ ਆਮ ਸਿੰਗਲ ਰਿਹਾਇਸ਼ੀ ਘਰ ਦਾ ਮੁਲਾਂਕਣ $445,000 ਤੇ ਕੀਤਾ ਗਿਆ। ਅਸਲ ਕੀਮਤਾਂ ਤੁਹਾਡੀ ਸੰਪਤੀ ਦੀ ਮੁਲਾਂਕਣ ਕੀਤੀ ਗਈ ਕੀਮਤ ਦੇ ਅਧਾਰ ਤੇ ਵੱਖ ਹੋਣਗੀਆਂ, **calgary.ca/taxcalculator** ‘ਤੇ ਜਾਓ

繁體中文 | 简体中文 | English | اردو | Español

ਹੋਰ ਜਾਣੋ, **calgary.ca/ourfinances** ‘ਤੇ ਜਾਓ

# ਕੈਲਗਰੀ ਨਿਵਾਸੀਆਂ ਦੀ ਸਹਾਇਤਾ ਕਰਨਾ

ਕੋਵਿਡ-19 ਨੇ ਸਾਨੂੰ ਸਾਰਿਆਂ ਨੂੰ ਪ੍ਰਭਾਵਿਤ ਕੀਤਾ ਹੈ। ਸਿਟੀ ਨੇ ਤੁਹਾਡੇ ਦੁਆਰਾ ਲੋੜੀਂਦੀਆਂ ਮਹੱਤਵਪੂਰਨ ਸੇਵਾਵਾਂ ਮੁਹੱਈਆ ਕਰਦੇ ਹੋਏ ਖਰਚਿਆਂ ਨੂੰ ਘਟਾਉਣ ਲਈ ਸਖਤ ਮਿਹਨਤ ਕੀਤੀ ਹੈ। **ਸਾਨੂੰ ਇਸ ਚੁਣੌਤੀਜਨਕ ਸਾਲ ਦੌਰਾਨ ਟੈਕਸਾਂ ਵਿੱਚ ਕਟੌਤੀ ਕਰਨ ਵਾਲਾ ਕੈਨੇਡਾ ਵਿੱਚ ਇਕੱਲਾ ਮੁੱਖ ਸਹਿਰ ਹੋਣ ਤੇ ਮਾਣ ਹੈ।**



ਪਹਿਲਾਂ ਤੋਂ ਮਨਜ਼ੂਰ ਕੀਤੇ ਗਏ 2021 ਬਜਟ ਵਿੱਚੋਂ ਕਟੌਤੀਆਂ ਵਿੱਚ **$90 ਮਿਲੀਅਨ** ਲਭੇ ਗਏ ਸਨ। 2022 ਦੀ ਸ਼ੁਰੂਆਤ ਲਈ ਟੈਕਸ ਦੁਆਰਾ ਸਮਰਥਿਤ ਬਜਟ ਤੋਂ ਅਤਿਰਿਕਤ **$51 ਮਿਲੀਅਨ** ਦਾ ਟੀਚਾ ਹੈ।



**77%** ਘਰ ਉਨ੍ਹਾਂ ਦੇ 2021 ਪ੍ਰਾਪਰਟੀ ਟੈਕਸ ਬਿਲ ਵਿੱਚ ਕਟੌਤੀ ਜਾਂ ਕੋਈ ਵਾਧਾ ਨਹੀਂ ਦੇਖਣਗੇ। **calgary.ca/taxcalculator** 'ਤੇ ਆਪਣੇ ਟੈਕਸ ਵਿੱਚ ਵਿਸ਼ਿਸ਼ਟ ਤਬਦੀਲੀ ਦਾ ਹਿਸਾਬ ਲਗਾਓ।

ਕੈਲਗਰੀ ਨਿਵਾਸੀਆਂ ਦੁਆਰਾ ਕੋਵਿਡ-19 ਕਰਕੇ ਸਾਮ੍ਹਣਾ ਕੀਤੇ ਜਾ ਰਹੇ ਵਿੱਤੀ ਪ੍ਰਭਾਵਾਂ ਨੂੰ ਸਮਝਦੇ ਹੋਏ, ਕਾਉਂਸਲ ਨੇ ਟੈਕਸ ਸੰਬੰਧੀ ਰਾਹਤ ਲਈ ਹੇਠਾਂ ਦਿੱਤੇ ਉਪਾਅ ਮਨਜ਼ੂਰ ਕੀਤੇ ਹਨ:

- ☑ ਲੇਟ ਭੁਗਤਾਨ ਲਈ 1 ਜੁਲਾਈ, 2021 ਦੇ ਜੁਰਮਾਨੇ ਨੂੰ 7% ਤੋਂ 3.5% ਤੱਕ ਘਟਾ ਦਿੱਤਾ ਗਿਆ ਹੈ।
- ☑ ਲੇਟ ਭੁਗਤਾਨ ਲਈ 1 ਅਕਤੂਬਰ, 2021 ਦੇ 7% ਜੁਰਮਾਨੇ ਅਤੇ ਜਨਵਰੀ, ਫਰਵਰੀ ਅਤੇ ਮਾਰਚ 2022 ਲਈ ਲੇਟ ਭੁਗਤਾਨ ਲਈ 1% ਜੁਰਮਾਨਿਆਂ ਨੂੰ ਮੁਆਫ ਕਰ ਦਿੱਤਾ ਗਿਆ ਹੈ।

## ਕੈਲਗਰੀ ਦੇ ਰੀਲੌਂਚ ਵਿੱਚ ਨਿਵੇਸ਼ ਕਰਨਾ

ਅਸੀਂ ਕੈਲਗਰੀ ਦੇ ਨਿਵਾਸੀਆਂ ਅਤੇ ਸਾਡੀ ਸਥਾਨਕ ਅਰਥ ਵਿਵਸਥਾ ਦੀ ਸਹਾਇਤਾ ਕਰਨ ਲਈ ਸੂਬਾਈ ਅਤੇ ਸੰਘੀ ਕੋਵਿਡ-19 ਰਿਕਵਰੀ ਫੰਡਿੰਗ ਅਤੇ ਸਿਟੀ ਦੀਆਂ ਬਚਤਾਂ ਨਿਰਧਾਰਤ ਕੀਤੀਆਂ। ਸਮੂਹਿਕ ਕੋਵਿਡ ਟੀਕਾਕਰਣ ਸੈਂਟਰਾਂ, ਕਿਫਾਇਤੀ ਰਿਹਾਇਸ਼ਾਂ, ਅਤੇ ਕੈਲਗਰੀ ਨਿਵਾਸੀਆਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਦਾ ਸਮਰਥਨ ਕਰਨ ਲਈ ਪ੍ਰੋਗਰਾਮਾਂ ਵਿੱਚ ਨਿਵੇਸ਼ ਸਾਨੂੰ ਕੈਲਗਰੀ ਦੇ ਰੀਲੌਂਚ ਵਾਸਤੇ ਤਿਆਰੀ ਕਰਨ ਵਿੱਚ ਸਹਾਇਤਾ ਕਰਨਗੇ।

ਹੋਰ ਜਾਣੋ, **calgary.ca/COVIDsupport** 'ਤੇ ਜਾਓ

21-0012429 ADV-8005